بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.11.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਇਕ ਅਤਿਅੰਤ ਫ਼ਿਦਾਈ ਬਦਰੀ ਸਹਾਬੀ ਹਜ਼ਰਤ ਅਬਦੁਲੱਾਹ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਨਵੰਬਰ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਇਕ ਅਤਿਅੰਤ ਫ਼ਿਦਾਈ ਬਦਰੀ ਸਹਾਬੀ ਹਜ਼ਰਤ ਅਬਦੁਲੱਾਹ ਦੇ ਪਿਤਾ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਬਾਰੇ ਫ਼ਰਮਾਇਆ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਨੇ ਮਦੀਨੇ ਤੋਂ ਬਾਹਰ ਜਾਕੇ ਦੁਸ਼ਮਣ ਦਾ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਤਾਂ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਪਹਿਲਾਂ ਤਾਂ ਨਾਲ ਚੱਲ ਪਿਆ ਪਰ ਉਹਦ ਦੇ ਦਾਮਨ ਵਿੱਚ ਪਹੁੰਚਕੇ ਆਪਣੇ ਤਿੰਨ ਸੌ ਸਾਥੀਆਂ ਸਣੇ ਗਦੱਾਰੀ ਦਿਖਾਉਂਦਿਆਂ ਹੋਇਆਂ ਇਹ ਕਹਿੰਦੇ ਹੋਏ ਮਦੀਨੇ ਵਾਪਸ ਪਰਤ ਗਿਆ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਮੇਰੀ ਗੱਲ ਨਹੀਂ ਮੰਨ੍ਹੀ ਅਤੇ ਮਦੀਨੇ ਵਿੱਚ ਰਹਿਕੇ ਦੁਸ਼ਮਣ ਦਾ ਮੁਕਾਬਲਾ ਨਹੀਂ ਕੀਤਾ ਜੋ ਅਸੀਂ ਚਾਹੁੰਦੇ ਸੀ ਅਤੇ ਇਹ ਵੀ ਕਿਹਾ ਕਿ ਇਹ ਵੀ ਕੋਈ ਲੜਾਈ ਹੈ । ਇਹ ਤਾਂ ਆਪਣੇ ਆਪ ਨੂੰ ਹਲਾਕਤ (ਤਬਾਹੀ) ਵਿੱਚ ਪਾਉਣ ਵਾਲੀ ਗੱਲ ਹੈ ਅਤੇ ਕਹਿਣ ਲਗੱਾ ਕਿ ਮੈਂ ਇਸ ਤਬਾਹੀ ਵਿੱਚ ਆਪਣੇ ਆਪ ਨੂੰ ਨਹੀਂ ਪਾਉਂਦਾ । ਸ਼ੁਰੂ ਤੋਂ ਹੀ ਉਸ ਦੇ ਦਿਲ ਵਿੱਚ ਮੁਨਾਫ਼ਕੀ ਸੀ ਅਤੇ ਮੁਨਾਫ਼ਕ ਬੁਜ਼ਦਿਲ ਹੁੰਦਾ ਹੈ ਅਤੇ ਇਹ ਬੁਜ਼ਦਿਲੀ ਇੱਥੇ ਆਣਕੇ ਪ੍ਰਕਟ ਹੋ ਗਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਬਦੁਲੱਾਹ ਬਿਨ ਉਬੀ ਬਿਨ ਸਲੂਲ ਨੇ ਕਿਵੇਂ ਕਿਵੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਮੁਸਲਮਾਨਾ ਬਾਰੇ ਦੁੱਖ ਦੇਣ ਵਾਲੀਆਂ ਅਤੇ ਠੱਠੇ ਦੀਆਂ ਗਲੱਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਇਸ ਦਾ ਕੁਝ ਵਿਸਥਾਰ ਹੁਣ ਮੈਂ ਵਰਨਣ ਕਰਾਂਗਾ । ਇਸ ਵਿੱਚ ਇਹਨਾਂ ਦੇ ਪੁਤੱਰ ਹਜ਼ਰਤ ਅਬਦੁਲੱਾਹ ਦੀ ਇਸਲਾਮ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਤੇ ਸਨੇਹ ਵੀ ਪ੍ਰਕਟ ਹੁੰਦਾ ਹੈ । 5 ਹਿਜਰੀ ਵਿੱਚ ਬਨੂ ਮੁਸਤਲਿਕ ਦੀ ਜੰਗ ਤੋਂ ਵਾਪਸੀ ਸਮੇਂ ਕੁਝ ਦਿਨ ਮਿਰੀਸੀ ਦੇ ਅਸਥਾਨ'ਤੇ ਪੜਾਅ ਕੀਤਾ । ਇਹ ਬਨੂ ਮੁਸਤਲਿਕ ਦੇ ਪਾਣੀ ਦਾ ਇਕ ਸੋਮੇ ਦਾ ਨਾਂ ਹੈ । ਘਟਨਾ ਇਉਂ ਹੈ ਕਿ ਹਜ਼ਰਤ ਉਮਰ ਦਾ ਇਕ ਨੌਕਰ ''ਜਾਜਾ''

ਨਾਂ ਦਾ ਸੀ । ਉਹ ਸੋਮੇ 'ਤੇ ਪਾਣੀ ਲੈਂਣ ਲਈ ਗਿਆ । ਇਤਫ਼ਾਕ ਨਾਲ ਉਸ ਸਮੇਂ ਇਕ ਦੂਜਾ ਵਿਅਕਤੀ ਸਨਾਨ ਨਾਂ ਦਾ ਜੋ ਅੰਸਾਰ ਦੇ ਮਿਤੱਰਾਂ ਵਿੱਚੋਂ ਸੀ ਪਾਣੀ ਲੈਂਣ ਲਈ ਉੱਥੇ ਪਹੁੰਚਿਆ । ਇਹ ਦੋਵੇਂ ਜਾਹਲਾਂ ਵਿੱਚੋਂ ਸਨ ਅਤੇ ਉੱਕੇ ਹੀ ਕੋਰੇ ਅਨਪੜ੍ਹਾਂ ਵਿੱਚੋਂ ਸਨ । ਸੋਮੇ'ਤੇ ਇਹ ਦੋਵੇਂ ਆਪੋ ਵਿੱਚ ਲੜ ਪਏ । ਸਨਾਨ ਨੇ ਉੱਚੀ ਉੱਚੀ ਰੌਲ੍ਹਾ ਪਾਉਂਣਾ ਅਰੰਭ ਕਰ ਦਿਤੱਾ ਕਿ ਹੇ, ਅੰਸਾਰ ਦੇ ਦਲ ! ਮੇਰੀ ਮਦਦ ਨੂੰ ਪਹੁੰਚੋ ਕਿ ਮੈਂ ਮਾਰਿਆ ਗਿਆ ਅਤੇ ਮੇਰੇ ਉਪੱਰ ਹਮਲਾ ਹੋਇਆ ਹੈ । ਇਸ'ਤੇ ਜਾਜਾ ਨੇ ਵੀ ਆਪਣੀ ਕੌਮ ਦੇ ਲੋਕਾਂ ਨੂੰ ਬੁਲਾਉਂਣਾ ਸ਼ੁਰੂ ਕਰ ਦਿਤੱਾ ਕਿ ਹੇ, ਮੁਹਾਜਰੋ ! ਦੌੜੋ । ਅੰਸਾਰ ਤੇ ਮੁਹਾਜਰਾਂ ਦੇ ਕੰਨ੍ਹਾ ਵਿੱਚ ਇਹ ਅਵਾਜ਼ਾਂ ਪਈਆਂ ਤਾਂ ਉਹ ਆਪਣੀਆਂ ਆਪਣੀਆਂ ਤਲਾਵਰਾਂ ਸੂਤਕੇ ਬੇ ਤਹਾਸ਼ਾ ਸੋਮੇ ਵੱਲ ਦੌੜੇ, ਨੇੜੇ ਸੀ ਕਿ ਰਕਤਵਾਹਕ ਜੰਗ ਛਿੜ ਜਾਂਦੀ ਪਰ ਕੁਝ ਸਮਝਦਾਰ ਤੇ ਨੇਕ ਮੁਹਾਜਰਾਂ ਤੇ ਅੰਸਾਰ ਦੇ ਝੱਟ ਲੋਕਾਂ ਨੂੰ ਅੱਡ ਅੱਡ ਕਰਕੇ ਸੁਲਾਹ ਸਫ਼ਾਈ ਕਰਵਾ ਦਿੱਤੀ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਜੱਦ ਇਹ ਖ਼ਬਰ ਪਹੁੰਚੀ ਤਾਂ ਆਪ ਨੇ ਫ਼ਰਮਾਇਆ ਕਿ ਇਹ ਇਕ ਮੂਰਖਤਾ ਦਾ ਪ੍ਰਦਰਸ਼ਨ ਹੈ ਅਤੇ ਇਸ'ਤੇ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਅਤੇ ਇਸ ਪ੍ਰਕਾਰ ਇਹ ਮਾਮਲਾ ਖ਼ਤਮ ਹੋ ਗਿਆ, ਪਰ ਜੱਦ ਮੁਨਾਫ਼ਕਾਂ ਦੇ ਸਰਦਾਰ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਜੋ ਇਸ ਜੰਗ ਵਿੱਚ ਸ਼ਾਮਲ ਸੀ ਇਸ ਘਟਨਾ ਦਾ ਪਤਾ ਲਗੱਾ ਤਾਂ ਉਸ ਬਦਬਖ਼ਤ ਨੇ ਇਸ ਫ਼ਿਤਨੇ ਨੂੰ ਮੁੜ੍ਹ ਚੁਕੱਣਾ ਚਾਹਿਆ ਅਤੇ ਆਪਣੇ ਸਾਥੀਆਂ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਮੁਸਲਮਾਨਾ ਦੇ ਵਿਰੁਧ ਬਹੁਤ ਭੜਕਾਇਆ ਅਤੇ ਇਹ ਕਿਹਾ ਕਿ ਸਾਰਾ ਤੁਹਾਡਾ ਕੁਸੂਰ (ਦੋਸ਼) ਹੈ ਕਿ ਤੁਸੀਂ ਇਹਨਾ ਨੂੰ ਸਿਰ ਚੜ੍ਹਾ ਲਿਆ ਹੈ । ਹੁਣ ਤੁਹਾਨੂੰ ਚਾਹੀਦਾ ਹੈ ਕਿ ਇਹਨਾ ਦੀ ਮਦਦ ਕਰਨ ਤੋਂ ਅੱਡ ਹੋ ਜਾਓ ਅਤੇ ਇਸ ਕੁਰਾਹੀਏ ਨੇ ਇੱਥੋਂ ਤੱਕ ਕਹਿ ਦਿਤੱਾ ਕਿ

لَئِنْ رَّجَعْنَآ اِلَى الْمَدِيْنَةِ لَيُخْرِجَنَّ الْاَعَزُّ مِنْهَا الْاَذَلَّ ۔ لَئِنْ رَّجَعْنَآ اِلَى الْمَدِيْنَةِ لَيُخْرِجَنَّ الْاَعَزُّ مِنْهَا الْاَذَلَّ

ਅਰਥਾਤ ਦੇਖਿਓ ਹੁਣ ਮਦੀਨੇ ਵਿੱਚ ਜਾਕੇ ਇਹ ਸਨਮਾਨਤ ਵਿਅਕਤੀ ਇਸ ਜ਼ਲੀਲ ਵਿਅਕਤੀ ਨੂੰ ਆਪਣੇ ਸ਼ਹਿਰ ਵਿੱਚੋਂ ਬਾਹਰ ਕੱਢ ਦਿੰਦਾ ਹੈ ਕਿ ਨਹੀਂ ? ਉਸ ਸਮੇਂ ਇਕ ਨੇਕ ਮੁਸਲਮਾਨ ਬਚੱਾ ਜ਼ੈਦ ਬਿਨ ਅਰਕਮ ਵੀ ਉੱਥੇ ਬੈਠਾ ਸੀ । ਉਸਨੇ ਅਬਦੁਲੱਾਹ ਨੇ ਮੂੰਹਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਬਾਰੇ ਇਹ ਸ਼ਬਦ ਸੁਣੇ ਤਾਂ ਬੇਚੈਨ ਹੋ ਗਿਆ ਅਤੇ ਝੱਟ ਆਪਣੇ ਚਾਚਾ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਇਸ ਘਟਨਾ ਦੀ ਖ਼ਬਰ ਦਿੱਤੀ । ਉਸ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਕੋਲ ਹਜ਼ਰਤ ਉਮਰ ਵੀ ਬੈਠੇ ਸਨ । ਉਹ ਇਹ ਸ਼ਬਦ ਸੁਣਕੇ ਗੁੱਸੇ ਤੇ ਗ਼ੈਰਤ ਨਾਲ ਭਰ ਗਏ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਿਨਤੀ ਕਰਨ ਲੱਗੇ ਕਿ ਹੇ ਰਸੂਲੁਲੱਾਹ ! ਮੈਨੂੰ ਆਗਿਆ ਦੇਣ ਕਿ ਮੈਂ ਇਸ ਮੁਨਾਫ਼ਕ ਫ਼ਿਤਨੇ ਭੜਕਾਉਣ ਵਾਲੇ ਦੀ ਗਰਦਨ ਉਡਾ ਦਿਆਂ । ਆਪ ਨੇ ਫ਼ਰਮਾਇਆ ਉਮਰ ! ਜਾਣ ਦਿਓ । ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰਦੇ ਹੋ ਕਿ ਲੋਕਾਂ ਵਿੱਚ ਚਰਚਾ ਹੋਵੇ ਕਿ ਮੁਹਮੱਦ ਆਪਣੇ ਸਾਥੀਆਂ ਨੂੰ ਮਰਵਾਉਂਦਾ ਫਿਰਦਾ ਹੈ । ਫਿਰ ਆਪ ਨੇ ਅਬਦੁਲੱਾਹ ਬਿਨ ਉਬੀ ਅਤੇ ਉਸ ਦੇ ਸਾਥੀਆਂ ਨੂੰ ਬੁਲਾਇਆ ਅਤੇ ਉਹਨਾ ਨੂੰ ਪੁੱਛਿਆ ਕਿ ਇਹ ਕੀ ਮਾਮਲਾ ਹੈ, ਇਹ ਗੱਲ ਮੈਂ ਸੁਣੀ ਹੈ । ਉਹ ਸਾਰੇ ਹੀ ਸੌਂਹਾਂ ਚੁੱਕ ਗਏ ਕਿ ਅਸੀਂ ਤਾਂ ਕੋਈ ਅਜਿਹੀ ਗੱਲ ਕੀਤੀ ਹੀ ਨਹੀਂ ।

ਥੋੜੀ ਦੇਰ ਵਿੱਚ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਦੇ ਲੜਕੇ ਹਜ਼ਰਤ ਅਬਦੁਲੱਾਹ ਜਿੰਨ੍ਹਾ ਦਾ ਜ਼ਿਕਰ ਹੋ ਰਿਹਾ ਹੈ, ਜੋ ਇਕ ਨੇਕ ਸਹਾਬੀ ਸਨ ਘਬਰਾਏ ਹੋਏ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਕਹਿਣ ਲੱਗੇ । ਹੇ ਰਸੂਲੁਲੱਾਹ ਮੈਂ ਸੁਣਿਆ ਹੈ ਕਿ ਆਪ ਮੇਰੇ ਬਾਪ ਦੀ ਗੁਸ਼ਤਾਖ਼ੀ ਤੇ ਫ਼ਿਤਨੇ ਕਰਕੇ ਉਸ ਦੇ ਕਤਲ ਦਾ ਹੁਕੁਮ ਦੇਣਾ ਚਾਹੁੰਦੇ ਹਨ । ਜੇਕਰ ਆਪ ਜੀ ਦਾ ਇਹੋ ਫ਼ੈਸਲਾ ਹੈ ਤਾਂ ਆਪ ਮੈਨੂੰ ਹੁਕਮ ਦੇਣ ਮੈਂ

ਹੁਣੇ ਹੀ ਆਪਣੇ ਬਾਪ ਦਾ ਸਿਰ ਕਟੱਕੇ ਆਪ ਜੀ ਦੇ ਪੈਰ੍ਹਾਂ ਵਿੱਚ ਪਾ ਦਿੰਦਾ ਹਾਂ, ਪਰ ਆਪ ਕਿਸੇ ਹੋਰ ਨੂੰ ਅਜਿਹਾ ਆਦੇਸ਼ ਨ ਦੇਣ ਕਿਉਂਕਿ ਮੈਂ ਡਰਦਾ ਹਾਂ ਕਿ ਜਹਾਲਤ ਦੀ ਕੋਈ ਰੱਗ ਮੇਰੇ ਸ਼ਰੀਰ ਵਿੱਚ ਜੋਸ਼ ਮਾਰੇ ਅਤੇ ਮੈਂ ਆਪਣੇ ਬਾਪ ਦੇ ਕਾਤਲ ਨੂੰ ਕਿਸੇ ਸਮੇਂ ਕੋਈ ਹਾਣ ਪਹੁੰਚਾ ਬੈਠਾਂ ਅਤੇ ਰੱਬ ਦੀ ਰਜ਼ਾ ਚਾਹੁੰਦਿਆ ਹੋਇਆਂ ਵੀ ਨਰਕ ਵਿੱਚ ਜਾ ਡਿਗੱਾਂ । ਆਪਨੇ ਉਹਨਾ ਨੂੰ ਤਸੱਲੀ ਦਿੱਤੀ ਅਤੇ ਫ਼ਰਮਾਇਆ ਕਿ ਸਾਡਾ ਉਕੱਾ ਹੀ ਅਜਿਹਾ ਨਿਸ਼ਚਾ ਨਹੀਂ ਹੈ । ਅਸੀਂ ਫਿਰ ਵੀ ਤੁਹਾਡੇ ਬਾਪ ਨਾਲ ਨਰਮੀ ਤੇ ਉਪਕਾਰ ਦਾ ਮਾਮਲਾ ਕਰਾਂਗੇ ।

ਪਰ ਅਬਦੁਲੱਾਹ ਨੂੰ ਆਪਣੇ ਪਿਤਾ ਦੇ ਵਿਰੁਧ ਐਨ੍ਹਾ ਜੋਸ਼ ਸੀ ਕਿ ਜੱਦ ਇਲਾਮੀ ਲਸ਼ਕਰ ਮਦੀਨੇ ਵੱਲ ਪਰਤਿਆ ਤਾਂ ਅਬਦੁਲੱਾਹ ਆਪਣੇ ਬਾਪ ਦਾ ਮਾਰਗ ਰੋਕ ਕੇ ਖੜੇ ਹੋ ਗਏ ਅਤੇ ਕਹਿਣ ਲੱਗੇ ਕਿ ਰੱਬ ਦੀ ਸੰਹੁ ਮੈਂ ਤੁਹਾਨੂੰ ਵਾਪਸ ਨਹੀਂ ਜਾਣ ਦਿਆਂਗਾ ਜੱਦ ਤੱਕ ਤੁਸੀਂ ਆਪਣੇ ਮੂੰਹੋ ਇਹ ਇਕਰਾਰ ਨ ਕਰੋ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤਿਅੰਤ ਸਨਮਾਨ ਯੋਗ ਹਨ ਅਤੇ ਤੁਸੀਂ ਜ਼ਲੀਲ ਹੋ । ਅਬਦੁਲੱਾਹ ਨੇ ਐਨ੍ਹੇ ਜੋਸ਼ ਤੇ ਬਲ ਨਾਲ ਆਪਣੇ ਬਾਪ'ਤੇ ਜ਼ੋਰ ਪਾਇਅਾ ਕਿ ਅਖ਼ੀਰ ਉਸਨੂੰ ਮਜਬੂਰ ਹੋਕੇ ਇਹ ਸ਼ਬਦ ਕਹਿ ਦਿੱਤੇ ਜਿਸ'ਤੇ ਅਬਦੁਲੱਾਹ ਨੇ ਉਸ ਦਾ ਮਾਰਗ ਛੱਡ ਦਿਤੱਾ ।

ਫਿਰ ਇਕ ਨਾਪਾਕ ਤੁਹਮਤ (ਉਝ) ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਉਪੱਰ ਮੁਨਾਫ਼ਕਾਂ ਵੱਲੋਂ ਲਾਈ ਗਈ । ਇਸਦਾ ਬਾਨੀ ਵੀ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਸੀ । ਇਹ ਘਟਨਾ ਵੀ ਬਨੂ ਮੁਸਤਲਿਕ ਦੀ ਜੰਗ ਤੋਂ ਵਾਪਸੀ ਸਮੇਂ ਵਾਪਰੀ । ਜਿਸ ਵਿੱਚ ਹਜ਼ਰਤ ਆਇਸ਼ਾ ਰਜ਼ੀ ਅਲੱਲਾਹ ਅਨਹਾ ਦੇ ਵਿਅਕਤੀਗੱਤ ਵੁਜੂਦ ਉਪੱਰ ਗੰਦੇ ਆਰੋਪ ਲਾਏ ਗਏ ਸਨ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਕਹਿੰਦੀ ਹਨ ਕਿ ਇਕ ਦਿਨ ਉਮੇ ਮਸਤਹ ਦੇ ਨਾਲ ਜੰਗਲ ਪਾਣੀ ਲਈ ਬਾਹਰ ਗਈ, ਉਸ ਸਮੇਂ ਉਸਨੇ ਮੈਨੂੰ ਉਝਾਂ ਲਾਉਣ ਵਾਲਿਆਂ ਦੀਆਂ ਗਲੱਾਂ ਸੁਣਾਈਆਂ । ਜੱਦ ਮੈਂ ਆਪਣੇ ਘਰ ਪਰਤੀ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੇਰੇ ਕੋਲ ਆਏ ਅਤੇ ਆਪ ਨੇ ਅਸੱਲਾਮੁ ਅਲੈਕੁਮ ਕਿਹਾ ਅਤੇ ਆਪ ਨੇ ਪੁੱਛਿਆ ਹੁਣ ਤੁਸੀਂ ਕਿਵੇਂ ਹੋ ? ਇਸ'ਤੇ ਮੈਂ ਬਿਨਤੀ ਕੀਤੀ ਕਿ ਮੈਨੂੰ ਆਪਣੇ ਮਾਂਪਿਆਂ ਦੇ ਘਰ ਜਾਣ ਦੇਣ। ਆਪਨੇ ਮੈਨੂੰ ਅਗਿਆ ਦੇ ਦਿੱਤੀ । ਮੈਂ ਆਪਣੇ ਮਾਂਪਿਆਂ ਦੇ ਕੋਲ ਆਈ ਤਾਂ ਮੈਂ ਆਪਣੀ ਮਾਂ ਨੂੰ ਪੁੱਛਿਆ ਕਿ ਲੋਕ ਕੀ ਗਲੱਾਂ ਕਰ ਰਹੇ ਹਨ ? ਉਹਨਾਂ ਨੇ ਕਿਹਾ ਬੇਟੀ ਇਸ ਗੱਲ ਨਾਲ ਆਪਣੀ ਜਾਨ ਨੂੰ ਜੰਜਾਲ ਵਿੱਚ ਨ ਪਾਓ, ਸ਼ਾਂਤੀ ਨਾਲ ਰਹੋ । ਲੋਕ ਕਰਦੇ ਹਨ ਅਜਿਹੀਆਂ ਗਲੱਾਂ । ਮੈਂ ਕਿਹਾ ਸੁਬਹਾਨਲੱਾਹ ਲੋਕ ਅਜਿਹੀ ਗੱਲ ਦੀ ਚਰਚਾ ਕਰ ਰਹੇ ਹਨ । ਕਹਿੰਦੀ ਸਨ ਕਿ ਮੈਂ ਉਹ ਰਾਤ ਇਸ ਪ੍ਰਕਾਰ ਕੱਟੀ ਕਿ ਸਵੇਰ ਤੱਕ ਨ ਮੇਰੇ ਹੰਝੂ ਰੁਕਦੇ ਸਨ ਅਤੇ ਨ ਮੈਨੂੰ ਨੀਂਦਰ ਹੀ ਆਈ । ਕਈ ਸਹਾਬਾ ਨਾਲ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮਸ਼ਵਰਾ ਕੀਤਾ । ਹਜ਼ਰਤ ਆਇਸ਼ਾ ਕਹਿੰਦੀ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਬਰੀਰਹ ਨੂੰ ਜੋ ਮੇਰੀ ਸੇਵਿਕਾ ਸੀ ਇਕ ਦਿਨਾ ਬੁਲਾਕੇ ਪੁੱਛਿਆ ਕਿ ਬਰੀਰਹ ਕੀ ਤੁਸੀਂ ਆਇਸ਼ਾ ਵਿੱਚ ਕੋਈ ਅਜਿਹੀ ਗੱਲ ਦੇਖੀ ਹੈ ਜੋ ਤੁਹਾਨੂੰ ਸ਼ੰਕਾ ਵਿੱਚ ਪਾਉਂਦੀ ਹੋਵੇ । ਬਰੀਰਹ ਨੇ ਕਿਹਾ ਕਿ ਉਕੱਾ ਹੀ ਨਹੀਂ । ਉਸ ਜ਼ਾਤ ਦੀ ਸੰਹੁ ਜਿਸ ਨੇ ਆਪਨੂੰ ਸਚੱਾਈ ਨਾਲ ਭੇਜਿਆ ਹੈ ਮੈਂ ਹਜ਼ਰਤ ਆਇਸ਼ਾ ਵਿੱਚ ਕੋਈ ਅਜਿਹੀ ਗੱਲ ਨਹੀਂ ਦੇਖੀ ਜਿਸ ਨੂੰ ਮੈਂ ਮਾੜੀ ਸਮਝਾਂ । ਇਹ ਸੁਣਕੇ ਉਸੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਸੰਬੋਦਤ ਕਰਕੇ ਫ਼ਰਮਾਇਆ ਅਜਿਹੇ ਵਿਅਕਤੀ ਨੂੰ ਕੌਣ ਸੰਭਾਲੇ ਜਿਸ ਨੇ ਮੇਰੀ ਪਤਨੀ ਬਾਰੇ ਮੈਨੂੰ ਦੁੱਖ ਦਿਤੱਾ । ਆਪ ਨੇ ਫ਼ਰਮਾਇਆ ਮੈਂ ਰੱਬ ਦੀ ਸਹੁੰ ਖਾਂਦਾ ਹਾਂ ਕਿ ਆਪਣੀ ਪਤਨੀ ਵਿੱਚ ਸਿਵਾਏ ਭਲਾਈ ਦੇ ਹੋਰ ਕੋਈ ਗੱਲ ਮੈਨੂੰ ਪਤਾ ਨਹੀਂ ।

ਹਜ਼ਰਤ ਆਇਸ਼ਾ ਕਹਿੰਦੀ ਹਨ ਕਿ ਇਕ ਦਿਨ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਮੈਥੋਂ ਇਸ ਬਾਰੇ ਪੁੱਛਿਆ ਤਾਂ ਮੈਂ ਕਿਹਾ ਕਿ ਬਖ਼ੁਦਾ ਮੈਨੂੰ ਪਤਾ ਲੱਗ ਚੁੱਕਿਆ ਹੈ ਕਿ ਆਪ ਲੋਕਾਂ ਨੇ ਉਹ ਗੱਲ ਸੁਣੀ ਹੈ ਜਿਸਦਾ ਲੋਕ ਆਪੋ ਵਿੱਚ ਚਰਚਾ ਕਰਦੇ ਹਨ । ਜੇਕਰ ਮੈਂ ਆਪਨੂੰ ਇਹ ਆਖਾਂ ਕਿ ਮੈਂ ਕੋਈ ਅਜਿਹੀ ਗੱਲ ਨਹੀਂ ਕੀਤੀ ਅਤੇ ਰੱਬ ਜਾਣਦਾ ਹੈ ਕਿ ਵਾਸਤਵ ਵਿੱਚ ਮੈਂ ਨਹੀਂ ਕੀਤੀ, ਆਪ ਮੈਨੂੰ ਸਚੱਾ ਨਹੀਂ ਸਮਝਣਗੇ ਅਤੇ ਜੇਕਰ ਮੈਂ ਆਪਦੇ ਸਾਹਮਣੇ ਕਿਸੇ ਗੱਲ ਦਾ ਇਕਰਾਰ ਕਰ ਲਵਾਂ ਜੱਦ ਕਿ ਰੱਬ ਜਾਣਦਾ ਹੈ ਕਿ ਮੈਂ ਅਜਿਹੀ ਕੋਈ ਗੱਲ ਨਹੀਂ ਕੀਤੀ, ਪਰ ਆਪ ਇਸ ਇਕਰਾਰ ਵਿੱਚ ਮੈਨੂੰ ਸਚੱਾ ਸਮਝ ਲੈਂਣਗੇ । ਰੱਬ ਦੀ ਸਹੁੰ ਮੈਂ ਆਪਣੀ ਅਤੇ ਆਪ ਦੀ ਕੋਈ ਉਧਾਰਣ ਨਹੀਂ ਦੇਖਦੀ ਸਿਵਾਏ ਯੂਸੁਫ਼ ਦੇ ਪਿਤਾ ਦੀ ਉਹਨਾ ਨੇ ਕਿਹਾ ਸੀ ਕਿ فَصَبۡرٌ جَمِيۡلٌ ؕ وَاللّٰهُ الۡمُسۡتَعَانُ عَلٰى مَا تَصِفُوۡنَ ਕਿ ਸਬਰ ਕਰਨਾ ਹੀ ਚੰਗਾ ਹੈ ਅਤੇ ਰੱਬ ਹੀ ਤੋਂ ਮਦਦ ਮੰਗਣੀ ਚਾਹੀਦੀ ਹੈ ਇਸ ਗੱਲ ਵਿੱਚ ਜੋ ਤੁਸੀਂ ਲੋਕ ਬਿਆਨ ਕਰ ਰਹੇ ਹੋ । ਇਸ ਮਗਰੋਂ ਮੈਂ ਹਟੱਕੇ ਆਪਣੇ ਬਿਸਤਰ'ਤੇ ਆ ਗਈ ਅਤੇ ਮੈਂ ਉਮੀਦ ਕਰਦੀ ਸੀ ਕਿ ਰੱਬ ਮੈਨੂੰ ਬਰੀ ਕਰੇਗਾ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਦੱਸੇਗਾ ਕਿ ਮੈਂ ਇਸ ਆਰੋਪ ਤੋਂ ਬਰੀ ਹਾਂ । ਹਜ਼ਰਤ ਆਇਸ਼ਾ ਫ਼ਰਮਾਉਂਦੀ ਹਨ ਕਿ ਰੱਬ ਦੀ ਸਹੁੰ ਆਪ ਹੁਣੇ ਆਪਣੇ ਬੈਠਣ ਦੀ ਥਾਂ ਤੋਂ ਅੱਡ ਨਹੀਂ ਹੋਏ ਸਨ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਉਪੱਰ ਵਹੀ ਨਾਜ਼ਿਲ ਹੋਈ । ਫ਼ਿਰ ਜੱਦ ਰਸੂਲੁਲੱਹ ਸਲਲੱਾਹੁ ਅਲੈਹਹਿ ਵਸਲੱਮ ਤੋਂ ਵਹੀ ਦੀ ਹਾਲਤ ਜਾਂਦੀ ਰਹੀ ਤਾਂ ਆਪ ਮੁਸਕਰਾ ਰਹੇ ਸਨ । ਆਪ ਨੇ ਫ਼ਰਮਾਇਆ ਕਿ ਆਇਸ਼ਾ ! ਰੱਬ ਦਾ ਸ਼ੁਕਰ ਬਜਾ ਲਿਆਓ ਕਿਉਂਕਿ ਰੱਬ ਨੇ ਤੁਹਾਡੀ ਬਰੀਯੱਤ ਕਰ ਦਿੱਤੀ ਹੈ । ਮੇਰੀ ਮਾਂ ਨੇ ਮੈਨੂੰ ਕਿਹਾ ਕਿ ਉੱਠੋ ਰਸੂਲੁਲੱਲਹਾ ਸਲਲੱਾਹੁ ਅਲੈਹਿ ਵਸਲੱਮ ਦੇ ਕੋਲ ਜਾਓ । ਮੈਂ ਕਿਹਾ ਰੱਬ ਦੀ ਸਹੁੰ ਉਕੱਾ ਹੀ ਨਹੀਂ । ਮੈਂ ਇਹਨਾ ਦਾ ਧੰਨਵਾਦ ਨਹੀਂ ਕਰਾਂਗੀ, ਮੈਂ ਇਹਨਾ ਪਾਸ ਉਠੱਕੇ ਨਹੀਂ ਜਾਵਾਂਗੀ ਅਤੇ ਰੱਬ ਤੋਂ ਬਿਨਾ ਕਿਸੇ ਦਾ ਸ਼ੁਕਰਾਨਾ ਨਹੀਂ ਕਰਾਂਗੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਦੇ ਹੁੰਦਿਆਂ ਹੋਇਆਂ ਕਿ ਮੁਨਾਫ਼ਕਾਂ ਦੇ ਸਰਦਾਰ ਨੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਉਪੱਰ ਅਜਿਹਾ ਆਰੋਪ ਲਾਇਆ, ਉਸ ਨਾਲ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਦਾ ਕੀ ਸੁਲੂਕ ਸੀ, ਹਜ਼ਰਤ ਉਮਰ ਬਿਨ ਖ਼ਤਾਬ ਫ਼ਰਮਾਉਂਦੇ ਹਨ ਕਿ ਜੱਦ ਅਬਦੁਲੱਾਹ ਬਿਨ ਉਬੀ ਬਿਨ ਸਲੂਲ ਮਰ ਗਿਆ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਨੂੰ ਬਿਨਤੀ ਕੀਤੀ ਗਈ ਕਿ ਆਪ ਇਸ ਦੀ ਨਮਾਜ਼ ਜਨਾਜ਼ਾਹ ਪੜ੍ਹਾਉਣ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਖੜੇ ਹੋਏ ਤਾਂ ਮੈਂ ਆਪ ਵੱਲ ਛੇਤੀ ਨਾਲ ਵੱਧਿਆ ਅਤੇ ਮੈਂ ਕਿਹਾ ਕਿ ਹੇ ਰਸੂਲੁਲੱਾਹ ! ਕੀ ਆਪ ਇਬਨੇ ਉਬੀ ਦੀ ਨਮਾਜ਼ ਜਨਾਜ਼ਾਹ ਪੜ੍ਹਾਉਣਗੇ ਉਸਨੇ ਤਾਂ ਫ਼ਲਾਣੇ ਦਿਨ ਇਹ ਗੱਲ ਕਹੀ ਸੀ ਅਤੇ ਫ਼ਲਾਣੇ ਦਿਨ ਇਹ ਗੱਲ ਕਹੀ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੁਸਕਰਾਏ ਅਤੇ ਫ਼ਰਮਾਇਆ ਉਮਰ ਹੱਟ ਜਾਓ ਜੱਦ ਮੈਂ ਆਪ ਨਾਲ ਬਹੁਤ ਹੱਠ ਕੀਤਾ ਤਾਂ ਆਪ ਨੇ ਫ਼ਰਮਾਇਆ ਮੈਨੂੰ ਤਾਂ ਇਖ਼ਤਿਆਰ ਦਿਤੱਾ ਗਿਆ, ਸੋ, ਮੈਂ ਉਹ ਇਖ਼ਤਿਆਰ ਕਰ ਲਿਆ ਹੈ ਅਤੇ ਜੇਕਰ ਮੈਨੂੰ ਪਤਾ ਹੋਵੇ ਕਿ ਮੈਂ ਸਤੱਰ ਵਾਰ ਤੋਂ ਵੱਧ ਇਸ ਲਈ ਬਖਸ਼ਿਸ਼ ਦੀ ਦੁਆਂ ਕਰਾਂ ਅਤੇ ਉਹ ਬਖ਼ਸ਼ਿਆ ਜਾਵੇਗਾ ਤਾਂ ਮੈਂ ਜ਼ਰੂਰ ਇਸ ਤੋਂ ਵੀ ਵੱਧ ਵਾਰ ਕਰਾਂ । ਸੋ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਸ ਦੀ ਨਮਾਜ਼ ਜਨਾਜ਼ਾਹ ਪੜ੍ਹੀ ਅਤੇ ਆਪ ਪਰਤ ਆਏ ਅਤੇ ਥੋੜਾ ਹੀ ਸਮਾਂ ਲੰਘਿਆ ਸੀ ਕਿ ਸੂਰਤ ਬਰਾਅ ਅਰਥਾਤ ਸੂਰਤ ਤੌਬਾ ਦੀਆਂ ਇਹ ਦੋ ਆਇਤਾਂ ਨਾਜ਼ਲ ਹੋਈਆਂ ਕਿ

وَلَا تُصَلِّ عَلٰۤى اَحَدٍ مِّنۡهُمۡ مَّاتَ اَبَدًا وَّلَا تَقُمۡ عَلٰى قَبۡرِهٖ ؕ اِنَّهُمۡ كَفَرُوۡا بِاللّٰهِ وَرَسُوۡلِهٖ وَمَاتُوۡا وَهُمۡ فٰسِقُوۡنَ

ਅਰਥਾਤ ਤੂੰ ਉਹਨਾ ਵਿੱਚੋਂ ਕਿਸੇ ਦੀ ਵੀ ਜੋ ਮਰ ਜਾਏ ਨਮਾਜ਼ ਜਨਾਜ਼ਾਹ ਨ ਪੜ੍ਹ ਅਤੇ ਤੂੰ ਉਸਦੀ ਕਬਰ'ਤੇ ਖੜਾ ਨ ਹੋ ਕਿਉਂਕਿ ਉਹਨਾ ਨੇ ਅਲੱਾਹ ਅਤੇ ਉਸਦੇ ਰਸੂਲ ਦਾ ਇਨਕਾਰ ਕੀਤਾ ਅਤੇ ਉਹ ਅਜਿਹੀ ਹਾਲਤ ਵਿੱਚ ਮਰ ਗਏ ਕਿ ਉਹ ਬਦ ਅਹਿਦ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਕੁਝ ਫ਼ੌਤ ਹੋ ਚੁੱਕਿਆਂ ਦਾ ਜ਼ਿਕਰ ਕਰਾਂਗਾ ਅਤੇ ਜੁਮਏ ਦੇ ਬਾਦ ਉਹਨਾ ਦੀ ਨਮਾਜ਼ ਜਨਾਜ਼ਾਹ ਵੀ ਪੜ੍ਹਵਾਂਗਾ । ਪਹਿਲਾ ਜਨਾਜ਼ਾਹ ਮੁਕਰੱਮਾ ਅਮਤੁਲ ਹਫ਼ੀਜ਼ ਸਾਹਿਬਾ ਦਾ ਹੈ ਜੋ ਮੁਕਰੱਮ ਮੌਲਾਨਾ ਮੁਹਮੱਦ ਉਮਰ ਸਾਹਬ ਕੇਰਾਲਾ ਭਾਰਤ ਦੀ ਸੁਪਤੱਨੀ ਸਨ । 20 ਅਕਤੂਬਰ ਨੂੰ 72 ਸਾਲ ਦੀ ਉਮਰ ਵਿੱਚ ਵਫ਼ਾਤ ਹੋਈ ਹੈ । اناللهوانااليهراجعون । 1947 ਈ. ਵਿੱਚ ਆਪ ਕੇਰਾਲਾ ਵਿੱਚ ਪੈਦਾ ਹੋਈ ਸਨ । ਮਰਹੂਮਾ ਦੇ ਪਰਿਵਾਰ ਵਿੱਚ ਅਹਮਦੀਅਤ ਉਹਨਾ ਦੇ ਨਾਨਾ ਰਾਹੀਂ ਆਈ ਸੀ ਜੋ ਕੇਰਾਲਾ ਦੇ ਅਰੰਭਕ ਅਹਮਦੀਆਂ ਵਿੱਚੋਂ ਸਨ । ਆਪ ਨੂੰ ਚੈਨਈ ਵਿੱਚ ਸੈਕ੍ਰੇਟਰੀ ਮਾਲ ਅਤੇ ਕੇਰਾਲਾ ਵਿੱਚ ਲੰਮੇ ਸਮੇਂ ਤੱਕ ਸਦਰ ਦੇ ਰੂਪ ਵਿੱਚ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ । ਕੁਰਆਨ ਕਰੀਮ ਅਤੇ ਤਹਜੁੱਦ ਪੜ੍ਹਨ ਵਿੱਚ ਬਹੁਤ ਨਿਰੰਤਰਤਾ ਸੀ । ਲਜਨਾ ਅਤੇ ਨਾਸਰਾਤ ਨੂੰ ਵੀ ਕੁਰਆਨ ਕਰੀਮ ਪੜ੍ਹਾਇਆ ਕਰਦੀ ਸਨ । ਸਾਰੇ ਫ਼ਰਜ਼ ਤੇ ਨਫ਼ਲੀ ਰੋਜ਼ੇ ਰੱਖਿਆ ਕਰਦੀ ਸਨ। ਆਪਣੇ ਜੀਵਨ ਦੇ ਅੰਤ ਤੱਕ ਮੌਲਾਨਾ ਮੁਹਮੱਦ ਉਮਰ ਸਾਹਬ ਦੀ ਬਹੁਤ ਸੇਵਾ ਕੀਤੀ, ਬਹੁਤ ਮਹਿਮਾਨ ਨਵਾਜ਼ ਅਤੇ ਲੋਕ ਸੇਵਾ ਦੀ ਭਾਵਨਾ ਨਾਲ ਭਰਪੂਰ ਅਤਿਅੰਤ ਨੇਕ ਇਸਤਰੀ ਸਨ । ਖ਼ਿਲਾਫ਼ਤ ਨਾਲ ਡੂੰਘਾ ਲਗਾਉ ਤੇ ਅਕੀਦਤ ਦਾ ਸੰਬੰਧ ਸੀ । ਵਫ਼ਾਤ ਤੋਂ ਪਹਿਲਾਂ ਆਪ ਨੂੰ ਤਿੰਨ ਵਾਰ ਹਾਰਟ ਅਟੈਕ ਹੋਇਆ ਸੀ । ਤੀਜੀ ਵਾਰ ਜੱਦ ਹਾਰਟ ਅਟੈਕ ਹੋਇਆ ਤਾਂ ਮੌਲਵੀ ਉਮਰ ਸਾਹਬ ਨੂੰ ਉਹਨਾ ਨੇ ਦੱਸਿਆ ਕਿ ਮੇਰੀ ਵਫ਼ਾਤ ਦਾ ਸਮਾਂ ਨੇੜੇ ਆ ਚੁੱਕਿਆ ਹੈ ਅਤੇ ਇਸ ਦੇ ਬਾਦ ਕਿਹਾ ਕਿ ਮੇਰਾ ਸਲਾਮ ਸਾਰਿਆਂ ਨੂੰ ਪਹੁੰਚਾ ਦੇਣ । ਫਿਰ ਉੱਚੀ ਅਵਾਜ਼ ਵਿੱਚ ਤਿੰਨ ਵਾਰ ਅਲੱਾਹੁ ਅਕਬਰ ਕਿਹਾ ਅਤੇ ਇਸ ਪ੍ਰਕਾਰ ਆਪ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਈ । ਮਰਹੂਮਾ ਮੂਸੀ ਸਨ । ਪਿਛੋਕੜ ਵਿੱਚ ਚਾਰ ਪੁਤੱਰੀਆਂ ਹਨ । ਰੱਬ ਇਹਨਾ ਨਾਲ ਬਖ਼ਸ਼ਿਸ਼ ਦਾ ਸਲੂਕ ਫ਼ਰਮਾਉਂਦਿਆਂ ਹੋਇਆ ਦਰਜਿਆਂ ਨੂੰ ਬੁਲੰਦ ਕਰੇ ਅਤੇ ਇਹਨਾਂ ਦੀ ਸਨਤਾਨ ਨੂੰ ਵੀ ਇਹਨਾ ਦੀਆਂ ਦੁਅਕਾਵਾਂ ਦਾ ਵਾਰਸ ਬਣਾਏ ।

ਦੂਜਾ ਜਨਾਜ਼ਾਹ ਮੁਕਰੱਮ ਚੌਧਰੀ ਮੁਹਮੱਦ ਇਬ੍ਰਾਹੀਮ ਸਾਹਬ ਦਾ ਹੈ ਜੋ ਮਾਹਨਾਮਾ ਅੰਸਾਰੁਲੱਾਹ ਪਾਕਿਸਤਾਨ ਦੇ ਸਾਬਕਾ ਮੈਨੇਜਰ ਤੇ ਪਬਲੀਸ਼ਰ ਸਨ । ਇਹ 16 ਅਕਤੂਬਰ ਨੂੰ 82 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ਹਨ । اناللهوانااليهراجعون । 2003 ਈ. ਵਿੱਚ ਇਹਨਾ ਨੂੰ ਇਕ ਮੁਕਦੱਮੇ ਵਿੱਚ ਇਸ਼ਤਿਹਾਰੀ ਕਰਾਰ ਦੇ ਦਿਤੱਾ ਗਿਆ ਅਤੇ ਫਿਰ ਇਹ ਮੇਰੀ ਆਗਿਆ ਨਾਲ ਲੰਦਨ ਸ਼ਿਫ਼ਟ ਹੋ ਗਏ ਸਨ । ਮਰਹੂਮ ਮੂਸੀ ਸਨ ਵਫ਼ਾਤ ਤੋਂ ਕੁਝ ਸਮਾਂ ਪਹਿਲਾਂ ਰਬਵਾ ਚਲੇ ਗਏ ਸਨ, ਉੱਥੇ ਹੀ ਇਹਨਾਂ ਦੀ ਵਫ਼ਾਤ ਹੋਈ । ਪਿਛੋਕੜ ਵਿੱਚ ਇਕ ਬੇਟੀ ਤੇ ਪੰਜ ਪੁਤੱਰ ਹਨ ਅਤੇ ਕਈ ਪੋਤੇ ਪੋਤੀਆਂ ਹਨ । ਰੱਬ ਇਹਨਾ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ ਅਤੇ ਇਹਨਾ ਦੀ ਸਨਤਾਨ ਨੂੰ ਵੀ ਇਹਨਾ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਅਤੇ ਜਮਾਤ ਤੇ ਖ਼ਿਲਾਫ਼ਤ ਨਾਲ ਸੰਬੰਧ ਬਣਾਈ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

ਤੀਜਾ ਜਨਾਜ਼ਾਹ ਮੁਕਰੱਮ ਰਾਜਾ ਮਸਊਦ ਅਹਮਦ ਸਾਹਬ ਦਾ ਹੈ ਜੋ ਮੁਕਰੱਮ ਰਾਜਾ ਮੁਹਮੱਦ ਨਵਾਜ਼ ਸਾਹਬ ਮਰਹੂਮ ਪਿੰਡ ਦਾਦਨਖ਼ਾਨ ਦੇ ਪੁਤੱਰ ਸਨ । 19 ਅਕਤੂਬਰ ਨੂੰ ਲੰਮੀ ਬਿਮਾਰੀ ਮਗਰੋਂ 69 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । اناللهوانااليهراجعون । ਰਾਜਾ ਸਾਹਬ 1991 ਈ. ਵਿੱਚ ਯੂ.ਕੇ. ਆ ਗਏ ਸਨ ਅਤੇ ਇੱਥੇ ਕੈਟਫ਼ੋਰਟ ਜਮਾਤ ਦੇ ਪਹਿਲੇ ਸਦਰ ਨਿਯੁਕਤ ਹੋਏ । ਅਤੇ ਕਾਇਦ ਅਮੂਮੀ ਅੰਸਾਰੁਲੱਲਹ, ਐਡਿਸ਼ਨਲ

ਸੈਕ੍ਰੇਟਰੀ ਵਸਾਯਾ ਅਤੇ ਨੈਸ਼ਨਲ ਸੈਕ੍ਰੇਟਰੀ ਵਸਾਯਾ ਦੇ ਰੂਪ ਵਿੱਚ ਸੇਵਾ ਕਰਨ ਦੀ ਤੌਫ਼ੀਕ ਮਿਲੀ । ਜੱਦ ਮੈਂ ਵਸੀਯਤ ਦੀ ਵਿਵਸਥਾ ਨੂੰ ਚੰਗਾ ਬਨਾਉਣ ਲਈ ਕਿਹਾ ਤਾਂ ਇਹਨਾ ਨੇ ਚੰਗੀ ਮਿਹਨਤ ਕੀਤੀ, ਰੱਬ ਦੀ ਮਿਹਰ ਨਾਲ ਵਸੀਯੱਤ ਦੇ ਨਿਜ਼ਾਮ ਨੂੰ ਵਿਵਸਥਤ ਕੀਤਾ । ਖ਼ਿਲਾਫ਼ਤ ਨਾਲ ਡੂੰਘਾ ਸੰਬੰਧ ਸੀ । ਜਮਾਤੀ ਉਹਦੇਦਾਰਾਂ ਦਾ ਸਨਮਾਨ ਵੀ ਕਰਦੇ ਸਨ, ਨਮਾਜ਼ੀ, ਤਹਜੁੱਦ ਪੜ੍ਹਨ ਵਾਲੇ ਅਤੇ ਖੁੱਲੇ ਦਿਲ ਨਾਲ ਚੰਦੇ ਦੇਣ ਵਾਲੇ, ਸਦਕਾ ਤੇ ਖ਼ੈਰਾਤ ਕਰਨ ਵਾਲੇ ਸਨ, ਗ਼ਰੀਬ ਪਰਵਰ ਤੇ ਮਿਲਨਸਾਰ ਸਨ । ਰੱਬ ਦੀ ਮਿਹਰ ਨਾਲ ਮੂਸੀ ਸਨ । ਪਤਨੀ ਤੋਂ ਬਿਨਾ ਇਕ ਬੇਟੀ ਤੇ ਦੋ ਬੇਟੇ ਪਿੱਛੇਕੜ ਵਿੱਚ ਛੱਡੇ ਹਨ । ਰੱਬ ਇਹਨਾ ਨਾਲ ਬਖਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ਅਤੇ ਦਰਜਿਆਂ ਨੂੰ ਬੁਲੰਦ ਕਰੇ ।

ਚੌਥਾ ਜਨਾਜ਼ਾਹ ਮੁਕਰੱਮਾ ਸਾਲਿਹਾ ਅਨਵਰ ਅਬੂ ਸਾਹਿਬਾ ਦਾ ਹੈ ਜੋ ਅਨਵਰ ਅਲੀ ਅਬੂ ਸਾਹਬ ਮਰਹੂਮ ਸਿੰਧ ਦੀ ਸੁਪਤਨੀ ਸਨ । ਇਹ ਪਹਿਲੀ ਅਕਤੂਬਰ ਨੂੰ ਵਫ਼ਾਤ ਪਾ ਗਈ ਸਨ । اناللهواناالیہراجعون । ਬਹੁਤ ਦਲੇਰ, ਹਿਮੱਤੀ ਤੇ ਇਬਾਦਤ ਕਰਨ ਵਾਲੀ, ਹਕੂਕੁਲੱਾਹ ਤੇ ਹਕੂਕੁਲ ਇਬਾਦ ਪੂਰੇ ਕਰਨ ਵਾਲੀ ਇਸਤਰੀ ਸਨ । ਬਚਪੁਣੇ ਤੋਂ ਹੀ ਨਮਾਜ਼ਾਂ ਤੇ ਰੋਜ਼ੇ ਦੀ ਪਾਬੰਦ ਸਨ ਅਤੇ ਚੰਦੇ ਆਦਿ ਦੇਣ ਵਾਲੀ ਸਨ । ਖ਼ਿਲਾਫ਼ਤ ਨਾਲ ਸਚੱਾ ਸੰਬੰਧ ਸੀ । ਆਪ ਦੀ ਬੇਟੀ ਤਾਹਿਰਾ ਮੋਮਿਨ ਕਹਿੰਦੀ ਹਨ ਕਿ ਵਿਆਹ ਦੇ ਬਾਦ ਰੱਬ ਦੀਆਂ ਜਿੰਨ੍ਹੀਆਂ ਬੇਅੰਤ ਮਿਹਰਾਂ ਹੋਈਆਂ ਉਹਨਾ ਹੀ ਵਡੱਾ ਦਿਲ ਵੀ ਰੱਬ ਨੇ ਦਿਤੱਾ ਸੀ । ਬਹੁਤ ਗ਼ਰੀਬ ਪਰਵਰ ਤੇ ਵਿਨਮ੍ਰਤਾ ਦੀ ਮਾਲਕ ਸਨ । ਚੰਦਾ ਤਹਿਰੀਕੇ ਜਦੀਦ ’ਤੇ ਹਾਜ਼ਰ ਕਹਿਣ ਵਾਲੀ ਸਨ । ਜੱਦ ਵੀ ਸਾਨੂੰ ਕੋਈ ਪ੍ਰੇਸ਼ਾਨੀ ਹੁੰਦੀ ਅਸੀਂ ਉਹਨਾ ਨੂੰ ਕਹਿੰਦੇ । ਪਹਿਲਾਂ ਤਾਂ ਉਹ ਸਾਨੂੰ ਕਹਿੰਦੀ ਕਿ ਨਮਾਜ਼ ਪੜ੍ਹੋ ਅਤੇ ਦੁਆ ਦੀ ਤਾਕੀਦ ਕਰਦੀ ਅਤੇ ਫਿਰ ਆਪ ਵੀ ਸਾਡੇ ਲਈ ਬਹੁਤ ਦੁਆਵਾਂ ਕਰਦੀਂ । ਅਲੱਾਹ ਤਆਲਾ ਉਹਨਾ ਦੇ ਬੱਚਿਆਂ ਵਿੱਚ ਵੀ ਨੇਕੀ ਤੇ ਵਫ਼ਾਦਾਰੀ ਪੈਦਾ ਕਰੇ। ਉਹਨਾਂ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸਲੂਕ ਫ਼ਰਮਾਏ ਅਤੇ ਬੱਚੇ ਵੀ ਖ਼ਿਲਾਫ਼ਤ ਨਾਲ ਅਤੇ ਜਮਤਾ ਨਾਲ ਇਸੇ ਪ੍ਰਕਾਰ ਸਲੰਗਤ ਰਹਿਣ, ਕਰਬਾਨੀਆਂ ਕਰਨ ਵਾਲੇ ਹੋਣ ਜਿਵੇਂ ਇਹ ਆਪ ਕਰਦੀ ਰਹੀ । ਅਲੱਾਹ ਤਆਲਾ ਇਹਨਾ ਦੀਆ ਦੁਆਵਾਂ ਵੀ ਇਹਨਾ ਦੇ ਬੱਚਿਆਂ ਦੇ ਹੱਕ ਵਿੱਚ ਕੁਬੂਲ ਫ਼ਰਮਾਏ, ਇਹਨਾ ਦੇ ਦੋ ਪੁਤੱਰ ਤੇ ਦੋ ਪੁਤੱਰੀਆਂ ਹਨ ।

**Khulasa Khutba Jumma 15.11.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131